## ਸ਼੍ਰੇਣੀ – ਸੱਤਵੀਂ

## ਮੁਹਾਵਰੇ

ਮੁਹਾਵਰੇ ਦੀ ਪਰਿਭਾਸ਼ਾ – ਮੁਹਾਵਰਾ ਕੁਝ ਅਜਿਹੇ ਸ਼ਬਦਾਂ ਦਾ ਸਮੂਹ ਹੁੰਦਾ ਹੈ ਜਿਸ ਦੇ ਸੰਚਾਰਿਤ ਅਰਥ ਵਿਆਕਰਨਕ ਅਰਥਾਂ ਤੋਂ ਵੱਖਰੇ ਹੁੰਦੇ ਹਨ,ਜਿਵੇਂ–'ਇੱਕ ਅੱਖ ਨਾਲ਼ ਵੇਖਣਾ' ਮੁਹਾਵਰੇ ਤੋਂ ਭਾਵ ਇੱਕ ਅੱਖ ਬੰਦ ਕਰਕੇ ਕੇਵਲ ਇੱਕ ਅੱਖ ਨਾਲ਼ ਵੇਖਣ ਤੋਂ ਨਹੀਂ ਬਲਕਿ ਇਸ ਦਾ ਅਰਥ ਸਾਰਿਆਂ ਨਾਲ ਇੱਕੋ ਜਿਹਾ ਵਿਹਾਰ ਕਰਨਾ ਹੈ।

ਮੁਹਾਵਰਿਆਂ ਦੀ ਮਹੱਤਤਾ– ਮੁਹਾਵਰੇ ਹਰ ਭਾਸ਼ਾ ਦੇ ਗਹਿਣੇ ਹੁੰਦੇ ਹਨ।ਇਹ ਭਾਸ਼ਾ ਨੂੰ ਪ੍ਰਭਾਵਸ਼ਾਲੀ ਤੇ ਸੁੰਦਰ ਬਣਾਉਂਦੇ ਹਨ।ਇਹਨਾਂ ਦੀ ਵਰਤੋਂ ਨਾਲ ਭਾਸ਼ਾ ਵਿੱਚ ਸੰਖੇਪਤਾ ਵੀ ਅਉਂਦੀ ਹੈ।ਇਹਨਾਂ ਦੇ ਗਿਆਨ ਨਾਲ਼ ਸਾਡੀ ਭਾਸ਼ਾ ਸਮੱਰਥਾ ਅਰਥਾਤ ਯੋਗਤਾ ਵਿੱਚ ਵਾਧਾ ਹੁੰਦਾ ਹੈ।

### ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ:-

**61.** ਚਰਨ ਧੋ ਕੇ ਪੀਣਾ – (ਬਹੁਤ ਆਦਰ ਕਰਨਾ)
ਅਨੇਕਾਂ ਵਿਦਿਆਰਥੀਆਂ ਦੇ ਜੀਵਨ ਵਿਚ ਗਿਆਨ ਦੀ

ਜੋਤੀ ਜਗਾਉਣ ਵਾਲ਼ੇ ਅਧਿਆਪਕ ਦੇ ਤਾਂ ਚਰਨ ਧੋ ਕੇ ਪੀਣ ਨੂੰ ਜੀਅ ਕਰਦਾ ਹੈ।

**62.** ਚਾਦਰ ਦੇਖ ਕੇ ਪੈਰ ਪਸਾਰਨੇ – (ਆਮਦਨ ਅਨੁਸਾਰ ਖ਼ਰਚ ਕਰਨਾ) ਜੇਕਰ ਚਾਦਰ ਦੇਖ ਕੇ ਪੈਰ ਪਸਾਰਗੋ,ਬਾਅਦ ਵਿਚ ਔਖੇ ਨਹੀਂ ਹੋਵੋਗੇ।

**63.** ਛੱਕੇ ਛੁਡਾਉਣੇ – (ਹਰਾਉਣਾ) ਕਾਰਗਿਲ ਦੀ ਲੜਾਈ ਵਿਚ ਭਾਰਤੀ ਫ਼ੌਜਾਂ ਨੇ ਪਾਕਿਸਤਾਨੀ ਫ਼ੌਜ ਦੇ ਛੱਕੇ ਛੁਡਾ ਦਿੱਤੇ।

**64.** ਛਿੱਲ ਲਾਹੁਣੀ –(ਲੁੱਟ ਲੈਣਾ) ਚਲਾਕ ਦੁਕਾਨਦਾਰ ਭੋਲ਼ੇ-ਭਾਲ਼ੇ ਗਾਹਕਾਂ ਦੀ ਛਿੱਲ ਲਾਹੁਣ ਤੋਂ ਨਹੀਂ ਝਿਜਕਦੇ।

**65.** ਛਾਤੀ ਨਾਲ਼ ਲਾਉਣਾ– (ਪਿਆਰ ਕਰਨਾ) ਵਿਦੇਸ਼ਾਂ ਵਿਚ ਕਈ ਸਾਲਾਂ ਤੀਕ ਧੱਕੇ ਖਾਣ ਪਿੱਛੋਂ ਕਰਤਾਰ ਜਦੋਂ ਘਰ ਪਰਤਿਆ ਤਾਂ ਮਾਪਿਆਂ ਨੇ ਉਸ ਨੂੰ ਛਾਤੀ ਨਾਲ਼ ਲਾ ਲਿਆ।

**66.** ਜਾਨ ਤੇ ਖੇਡਣਾ –(ਜਾਨ ਵਾਰਨੀ) ਸ਼ਹੀਦ ਭਗਤ ਸਿੰਘ ਆਪਣੇ ਦੇਸ਼ ਦੀ ਆਨ ਲਈ ਆਪਣੀ ਜਾਨ ਤੇ ਖੇਡ ਗਿਆ।

**67.** ਜ਼ੁਬਾਨ ਦੇਣੀ -(ਇਕਰਾਰ ਕਰਨਾ) ਜਦੋਂ ਕਿਸੇ ਨੂੰ ਜ਼ੁਬਾਨ ਦਿਓ ਤਾਂ ਉਸ ਨੂੰ ਹਰ ਹਾਲਤ ਵਿਚ ਨਿਭਾਉਣ ਦਾ ਯਤਨ ਕਰੋ।

**68.** ਜ਼ੁਬਾਨ ਫੇਰ ਲੈਣੀ (ਮੁੱਕਰ ਜਾਣਾ) ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ਼ ਅਨੰਦਪੁਰ ਦਾ ਕਿਲ੍ਹਾ ਛੱਡਣ ਲਈ ਬੜੇ ਇਕਰਾਰ ਕੀਤੇ , ਪਰ ਗੁਰੂ ਜੀ ਦੇ ਕਿਲ੍ਹੇ ਤੋਂ ਬਾਹਰ ਨਿਕ਼ਲਦਿਆਂ ਹੀ ਉਹਨਾਂ ਨੇ ਜ਼ੁਬਾਨ ਫੇਰ ਲਈ।

**69.** ਟਕੇ ਵਰਗਾ ਜਵਾਬ ਦੇਣਾ -(ਕੋਰਾ ਇਨਕਾਰ ਕਰਨਾ) ਮੈਂ ਜੋਤੀ ਤੋਂ ਕੁਝ ਪੈਸੇ ਉਧਾਰ ਮੰਗੇ ਪਰ ਉਸ ਨੇ ਟਕੇ ਵਰਗਾ ਜਵਾਬ ਦੇ ਦਿੱਤਾ।

**70.** ਟੱਸ ਤੋਂ ਮੱਸ ਨਾ ਹੋਣਾ -(ਕੋਈ ਅਸਰ ਨਾ ਹੋਣਾ) ਗ਼ਰੀਬ ਔਰਤ ਨੇ ਪੁਲਿਸ ਅਫ਼ਸਰ ਅੱਗੇ ਆਪਣੇ ਨਿਰਦੋਸ਼ ਪੁੱਤਰ ਲਈ ਬਹੁਤ ਮਿੰਨਤਾਂ ਕੀਤੀਆਂ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਤਿਆਰ ਕਰਤਾ :- ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ

ਸ.ਸ.ਸ.ਸ.ਮਾੜੀ ਬੁੱਚਿਆਂ ਗੁਰਦਾਸਪੁਰ ।